ਅਤਿ ਜਰੂਰੀ
ਮਿਤੀ ਬੱਧ

**ਪੰਜਾਬ ਸਰਕਾਰ**
**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ**
**(ਸਿਹਤ-1 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ, ਪੰਜਾਬ,
ਚੰਡੀਗੜ੍ਹ।

ਮੀਮੋ ਨੰ: 1/108/15-1ਸਿ1/727607
ਮਿਤੀ, ਚੰਡੀਗੜ੍ਹ;05.04.2016

ਵਿਸ਼ਾ:- **ਸਰਕਾਰੀ ਵਿਭਾਗਾਂ ਵਿਚ ਸਿੱਧੀ ਭਰਤੀ ਦੇ ਕੋਟੇ ਦੀਆ ਖਾਲੀ ਪਈਆ ਅਸਾਮੀਆ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆ ਦੀਆਂ ਸੇਵਾ ਸਰਤਾ ਵਿਚ ਸੋਧ ਕਰਨ ਬਾਰੇ।**

ਉਪਰੋਕਤ ਵਿਸੇ ਦੇ ਹਵਾਲੇ ਵਿਚ।

ਵਿਸੇ ਅੰਕਿਤ ਮਾਮਲੇ ਸਬੰਧੀ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ - 2 ਸਾਖਾ) ਵਲੋ ਜਾਰੀ ਪੱਤਰ ਨੰ; 7/204/2012-4 ਐਫ.ਪੀ.1/66 ਮਿਤੀ 15.01.2015 ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਦੇ ਪੈਰਾ-2 ਵਿਚ ਦਰਜ ਸਰਤ (iv) ਅਨੁਸਾਰ ਜੇਕਰ ਨਵੀ ਭਰਤੀ ਦਾ ਕੋਈ ਡਾਕਟਰ ਜਾਂ ਹੋਰ ਅਧਿਕਾਰੀ ਅਜਿਹੀਆ ਸਰਤਾ ਪੂਰੀਆ ਕਰਦਾ ਹੈ ਤਾਂ ਇਸ ਅਨੁਸਾਰ ਤਨਖਾਹ ਫਿਕਸ ਕੀਤੀ ਜਾਵੇ।

2. ਇਹ ਪੱਤਰ ਵਿਭਾਗ ਦੀ ਵੈਬਸਾਇਟ ਤੇ ਵੀ ਪਾ ਦਿੱਤਾ ਜਾਵੇ।

ਸੁਪਰਡੰਟ

ਨੰ:7/204/2012-4ਐਫ.ਪੀ.1/66

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ, ਚੰਡੀਗੜ੍ਹ 15-1-2015

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜ਼ਿਲ੍ਹਾ ਤੇ ਸੈਸ਼ਨਜ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਵਿਸ਼ਾ:- ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸਬੰਧੀ।

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵਲੋਂ ਵਿੱਤੀ ਸੰਜਮ ਰੱਖਦੇ ਹੋਏ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕੀਤੇ ਜਾਣ ਦੇ ਮੰਤਵ ਨਾਲ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਵੱਖ ਵੱਖ ਕੈਟਾਗਰੀਜ਼ ਦੀਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਕੁੱਝ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਲਈ ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰ: 7/204/2012-4ਵਿਪ੍ਰ1/60, ਮਿਤੀ 15-1-2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ-1, ਦੇ ਸਬੰਧਤ ਰੂਲਾਂ ਵਿੱਚ ਸੋਧ ਕੀਤੀ ਗਈ ਹੈ।

2. ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੀਤੀਆਂ ਸੋਧਾਂ ਉਪਰੰਤ ਸਿੱਧੀ ਭਰਤੀ ਤੇ ਤਨਖਾਹ ਦੇਣ ਸਬੰਧੀ ਹੇਠਾਂ ਅਨੁਸਾਰ ਸਥਿਤੀ ਹੋਵੇਗੀ:-

i) ਸਿੱਧੀ ਭਰਤੀ ਉਪਰੰਤ 2 ਸਾਲ ਦੇ ਪਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਆਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ-ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਗਰੇਡ ਪੇ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫ਼ਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ ;.

ii) ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਉਸ ਆਸਾਮੀ ਤੇ ਮਿਲਣਯੋਗ ਪੇ-ਬੈਂਡ ਦੀ ਘੱਟੋ-ਘੱਟ ਤਨਖਾਹ, ਸਮੇਤ ਗਰੇਡ-ਪੇ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ;

iii) ਪਰਖ ਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿਚ ਪਾ ਕੇ, ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ;

iv) ਜੇਕਰ ਕਰਮਚਾਰੀ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਿਹਾ ਸੀ ਬਾਵਜੂਦ ਉਸ ਦਾ ਕਿਸੇ ਆਸਾਮੀ ਤੇ ਲੀਅਨ (Lien) ਹੈ ਤਾਂ ਉਸ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਉਪਰ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ;

v) ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊ ਡੀਫਾਈਂਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕਵਰ ਹੋਵੇਗਾ ਅਤੇ ਇਸ ਸਬੰਧੀ ਸਰਕਾਰ ਵਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ;

3. ਇਹ ਹਦਾਇਤਾਂ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਖੁਦ-ਮੁਖਤਿਆਰ ਅਤੇ ਅਰਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ/ਬੋਰਡਾਂ, ਨੀਮ-ਸਰਕਾਰੀ ਅਦਾਰਿਆਂ, ਕਮਿਸ਼ਨਾਂ, ਟ੍ਰਿਬਿਊਨਲਾਂ, ਸਹਿਕਾਰੀ ਸੰਸਥਾਵਾਂ, ਸੋਸਾਇਟੀਆਂ, ਸਥਾਨਕ ਸਰਕਾਰ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਦਾਰਿਆਂ ਤੇ ਵੀ ਲਾਗੂ ਹੋਣਗੀਆਂ। ਪੰਜਾਬ ਸਰਕਾਰ

ਚਲਦਾ--2

ਨਿ.ਸ./ਪ੍ਰ.ਸ.ਪ.ਭ
ਆਈ ਡਾਇਰੀ ਡੀ.ਐਮ.ਐਸ ਨੰ: E 3449
ਮਿਤੀ 04/4/16